# ਪੰਜਾਬ ਸਕੂਲ ਸਿੱਖਿਆ ਬੋਰਡ
## ਜਨਤਕ ਨਿਯੁਕਤੀਆਂ

ਹੇਠ ਲਿਖੀਆਂ ਅਸਾਮੀਆਂ ਲਈ ਨਿਰਧਾਰਤ ਪ੍ਰੋਫਾਰਮੇ ਤੇ ਬਿਨੈ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਅਸਾਮੀਆਂ ਦੇ ਵੇਰਵੇ , ਪ੍ਰੋਫਾਰਮੇ ਦਾ ਨਮੂਨਾ ਅਤੇ ਵਿੱਦਿਅਕ ਯੋਗਤਾਵਾਂ / ਤਜਰਬਾ ਅਤੇ ਇਨ੍ਹਾਂ ਅਸਾਮੀਆਂ ਲਈ ਹੋਰ ਨਿਰਧਾਰਿਤ ਸ਼ਰਤਾਂ ਬੋਰਡ ਦੀ ਵੈਬਸਾਈਟ www.pseb.ac.in ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ:-

| ਲੜੀ ਨੰ: | ਅਸਾਮੀ ਦਾ ਨਾਂ/ਤਨਖਾਹ | ਅਸਾਮੀਆਂ ਦੀ ਗਿਣਤੀ | ਨਿਯੁਕਤੀ ਦੀ ਕਿਸਮ |
|---|---|---|---|
| 1. | **ਪ੍ਰਿੰਸੀਪਲ**<br>22200/-ਰੁ: ਉੱਕਾ-ਪੁੱਕਾ ਪ੍ਰਤੀ ਮਹੀਨਾ | 04 | ਕੰਟਰੈਕਟ ਆਧਾਰ |
| 2. | **ਲੈਕਚਰਾਰ**<br>15700/-ਰੁ: ਉੱਕਾ-ਪੁੱਕਾ ਪ੍ਰਤੀ ਮਹੀਨਾ | 13 | ਕੰਟਰੈਕਟ ਆਧਾਰ |
| 3. | **ਮਾਸਟਰ/ਮਿਸਟ੍ਰੈਸ**<br>15300/-ਰੁ: ਉੱਕਾ-ਪੁੱਕਾ ਪ੍ਰਤੀ ਮਹੀਨਾ | 20 | ਕੰਟਰੈਕਟ ਆਧਾਰ |
| 4. | **ਜੇ.ਬੀ.ਟੀ./ਈ.ਟੀ.ਟੀ.**<br>14500/-ਰੁ: ਉੱਕਾ-ਪੁੱਕਾ ਪ੍ਰਤੀ ਮਹੀਨਾ | 13 | ਕੰਟਰੈਕਟ ਆਧਾਰ |
| 5. | **ਐਨ.ਟੀ.ਟੀ.**<br>6000/-ਰੁ: ਉੱਕਾ-ਪੁੱਕਾ ਪ੍ਰਤੀ ਮਹੀਨਾ | 11 | ਕੰਟਰੈਕਟ ਆਧਾਰ |

ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਾਂ ਤੇ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਅਦਾਇਗੀ ਯੋਗ ਫੀਸ 400 /-ਰੁ: , (ਅਨੁਸੂਚਿਤ ਜਾਤੀਆਂ/ਐਸ.ਟੀ. ਲਈ 200/-ਰੁ:) (ਨਾ ਮੋੜਨਯੋਗ) ਦੇ ਡਿਮਾਂਡ ਡਰਾਫਟ ਸਹਿਤ, ਹਰ ਪੱਖੋਂ ਮੁਕੰਮਲ ਬਿਨੈ-ਪੱਤਰ ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ 8 ਸਾਹਿਬਜਾਦਾ ਅਜੀਤ ਸਿੰਘ ਨਗਰ ਕੋਲ ਮਿਤੀ:23-08-2013 ਨੂੰ ਸਾਮ 5.00 ਵਜੇ ਤੱਕ ਜਾਂ ਪਹਿਲਾਂ ਪਹੁੰਚ ਜਾਣੇ ਚਾਹੀਦੇ ਹਨ। ਨਿਰਧਾਰਤ ਫੀਸ ਕੈਸੀਅਰ ਪੰਜਾਬ ਸਕੂਲ ਸਿੱਖਿਆ ਬੋਰਡ ਪਾਸ ਨਗਦ ਵੀ ਜਮਾਂ ਕਰਵਾਈ ਜਾ ਸਕਦੀ ਹੈ। ਇਸ ਮਿਤੀ ਤੋਂ ਬਾਅਦ ਪ੍ਰਾਪਤ ਬਿਨੈ ਪੱਤਰ ਜਾਂ ਅਧੂਰੇ ਬਿਨੈ-ਪੱਤਰ ਵਿਚਾਰੇ ਨਹੀਂ ਜਾਣਗੇ।

ਉਪ ਸਕੱਤਰ (ਅਮਲਾ)

ਪੰਜਾਬ ਸਕੂਲ ਸਿੱਖਿਆ ਬੋਰਡ
ਆਮ ਨਿਯੁਕਤੀਆਂ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਾਜ ਦੇ ਪੇਂਡੂ ਖੇਤਰਾਂ ਵਿੱਚ ਚਲਾਏ ਜਾ ਰਹੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲਾਂ ਵਿਖੇ ਖਾਲੀ ਅਸਾਮੀਆਂ ਭਰਨ ਸਬੰਧੀ ਵੱਖ-ਵੱਖ ਅਖਬਾਰਾਂ ਵਿੱਚ ਦਿੱਤੇ ਗਏ ਵਿਗਿਆਪਨ ਵਿੱਚ ਦਰਜ ਅਸਾਮੀਆਂ ਲਈ ਨਿਰਧਾਰਤ ਵਿਦਿਅਕ ਯੋਗਤਾਵਾਂ/ਤਜਰਬਾ , ਕਰਾਈਟੇਰੀਆ ਅਤੇ ਹੋਰ ਸ਼ਰਤਾਂ /ਹਦਾਇਤਾਂ ਦਾ ਵੇਰਵਾ:-

| **Sr. No.** | **Name of post / pay** | **No of posts** | **Type of appointment** | **Qualifications** |
|---|---|---|---|---|
| 1 | Principal Rs22200/- consolidated per month | 04 | On Contract Basis | M.A./ M.Ed. , who has obtained atleast 55% marks in post graduation and having a minimum teaching experience of seven years as Headmaster/ Headmistress or 10 years experience as Lecturer in any Government School / Government Aided Private Schools of State of Punjab. |
| 2 | Lecturer Rs.15700/- consolidated per month | 13<br>English-01<br>Punjabi-02<br>History-03<br>Political Science-01<br>Math-02<br>Computer-01<br>Physics-01<br>Chemistry-02 | On Contract Basis | i) M.A. / M.Sc. in concerned subject.<br>ii) B.T. or B.Ed. , M.Ed. IInd class.<br>iii) M.P.Ed. for Physical Education Lecturer.<br><br>**Lecturer Computer :-**<br><br>B.E./B.Tech. (Comp. Sci./I.T.) OR MCA/M.Sc. (I.T./ Comp.Science) |
| 3 | Master/Mistress Rs15300/- consolidated per month | 20<br>English-04<br>Punjabi-02<br>Hindi-02<br>Social Studies-02<br>Computer-02<br>Physical Education-04<br>Home Science-01<br>Music-02<br>Science-01 | On Contract Basis | i) B.A. / B.Sc. in concerned subject<br>ii) B.T. or B.Ed.<br><br>**Physical Education :-**<br>Graduate with training in advanced physical training course Degree or Diploma.<br><br>**Home Science :-**<br>Diploma in Home Science from a recognized institution or recognized university with B.T. or B.Ed.<br><br>**Computer :-**<br>3 years Diploma (Comp.Sci.& Engg. / Information technology) or B.C.A or B.Sc. (I.T./CS/Internet Science) or BIT or B level of DOEACC or B.E./ B.Tech (I.T./Comp.Sci.) or BCAM or B.Sc. (Information System /Science) or BMIT or AMIE examination of IETE in Comp.Sci. and Engg. Or M.Sc. (I.T./Comp.Sci./Software system) or MIS or MIT or M.Tech. (Comp.Sci.) or M.Sc. (Networking and Protocol Designing) or M.Sc. (I.T.) (LE), with atleast 50% marks (Educational qualification must be from a recognized University / Board). |
| 4 | J.B.T/E.T.T Rs14500/- consolidated per month | 13 | On Contract Basis | +2 with Elementary Teachers Training two year course of Punjab State or from any other State or Union Territory declared equivalent and recognized by the Punjab Government. |
| 5 | N.T.T. Rs 6000/- consolidated per month | 11 | On Contract Basis | +2 with N.T.T. |

## Mode of Selection (Criteria)

| Principal | | Lecturer | | Lecturer Computer | | Master/ Mistress | | Master/ Mistress (Computer ) | |
|---|---|---|---|---|---|---|---|---|---|
| Post Graduate in teaching subject | 40% | Post Graduate in relevant subject | 50% | B.E./B.Tech. Comp.Sci. / I.T. or M.C.A/ M.Sc. I.T. / CS | 100% | Graduate in relevant subject | 25% | 3 years Dip. or degree in comp./IT | 80% |
| B.Ed. | 40% | B.Ed. / M.P.Ed. in case of PGT Phy. Edu. | 40% | | | B.Ed./B.P.Ed. in case of TGT Phy. Edu. | 25% | M.Sc IT / CS / MCA / M.Tech. Comp. | 20% |
| M.Phil. | 10% | M.Phil. | 5% | | | TET | 30% | | |
| Ph.D. | 10 Marks | Ph.D. | 5 Marks | | | M.A./M.Com./M.Sc. in relevant subject | 10% | | |
| | | | | | | M.Phil | 5% | | |
| | | | | | | Ph.D. | 5Marks | | |
| | 100% | | 100% | | 100% | | 100% | | 100% |

| J.B.T./ E.T.T. | | N.T.T | |
|---|---|---|---|
| 10+2 | 30% | 10+2 | 40% |
| E.T.T. | 25% | N.T.T. | 50% |
| TET | 30% | B.A./B.Sc. | 10% |
| Graduation | 10% | | |
| Post Graduation | 5 Marks | | |
| | 100% | | 100% |

**ਨੋਟ:-1) ਉਪਰੋਕਤ ਅਸਾਮੀਆਂ ਦੇ ਨਾਲ ਦਰਜ ਵੱਖ-ਵੱਖ ਪ੍ਰਤੀਸ਼ਤਤਾ ਤੋਂ ਭਾਵ ਹੈ ਕਿ ਉਮੀਦਵਾਰ ਵੱਲੋਂ ਪ੍ਰਾਪਤ ਅੰਕ × ਦਰਸਾਈ ਪ੍ਰਤੀਸ਼ਤਤਾ / ਕੁੱਲ ਅੰਕ ਦੇ ਅਨੁਸਾਰ ਅੰਕ ਦਿੱਤੇ ਜਾਣਗੇ।**

2) ਉਮੀਦਵਾਰਾਂ ਨੂੰ ਜਰੂਰੀ ਜਾਂ ਇਲੈਕਟਿਵ ਵਿਸ਼ੇ ਵਜੋਂ ਪੰਜਾਬੀ ਸਹਿਤ ਮੈਟ੍ਰਿਕੁਲੇਸ਼ਨ ਪ੍ਰੀਖਿਆ ਜਾਂ ਪੰਜਾਬੀ ਭਾਸ਼ਾ ਵਿੱਚ ਕਿਸੇ ਵੀ ਹੋਰ ਇਸਦੇ ਬਰਾਬਰ ਜਾਂ ਇਸ ਤੋਂ ਉਚੇਰੀ ਸ਼੍ਰੇਣੀ ਵਿੱਚ ਪੰਜਾਬੀ ਵਿਸ਼ੇ ਦੀ ਪ੍ਰੀਖਿਆ ਪਾਸ ਕੀਤੀ ਹੋਵੇ।

**ਆਮ ਸ਼ਰਤਾਂ:-**

1. ਬਿਨੈਕਾਰ ਪੰਜਾਬ/ ਯੂ.ਟੀ.ਚੰਡੀਗੜ੍ਹ ਦਾ ਪੱਕਾ ਵਸਨੀਕ ਹੋਵੇ।
2. ਈ.ਟੀ.ਟੀ. ਜਿਨ੍ਹਾਂ ਨੇ TET of Punjab Part-I ਅਤੇ ਮਾਸਟਰ/ ਮਿਸਟ੍ਰੈਸ ਜਿਨ੍ਹਾਂ ਨੇ TET of Punjab Part-II ਪਾਸ ਕੀਤਾ ਹੋਵੇ ਹੀ ਅਪਲਾਈ ਕਰ ਸਕਦੇ ਹਨ।
3. ਇਹ ਨਿਯੁਕਤੀਆਂ ਸਾਰੀਆਂ ਕੈਟਾਗਰੀਆਂ ਲਈ ਠੇਕੇ ਤੇ ਯਕਮੁਸ਼ਤ ਰਕਮ ਤੇ ਮੁੱਢਲੇ ਤੌਰ ਤੇ ਇੱਕ ਸਾਲ ਲਈ ਕੀਤੀਆਂ ਜਾਣੀਆਂ ਹਨ। ਉਮੀਦਵਾਰ ਦੇ ਕੰਮ ਅਤੇ ਆਚਰਨ ਨੂੰ ਵਿਚਾਰਦੇ ਹੋਏ ਇਹ ਪੇਸ਼ਕਸ਼ ਅਗਲੇ ਸਾਲ ਲਈ ਵਧਾਈ ਜਾ ਸਕਦੀ ਹੈ। ਤਿੰਨ ਸਾਲ ਬਾਅਦ ਉਮੀਦਵਾਰ ਦਾ ਕੰਮ ਅਤੇ ਆਚਰਣ ਤਸੱਲੀਬਖਸ਼ ਹੋਣ ਦੀ ਸ਼ਰਤ ਤੇ ਸਰਕਾਰ ਦੀਆਂ ਮਿਤੀ:17-11-2011 ਨੂੰ ਜਾਰੀ ਹਦਾਇਤਾਂ ਅਨੁਸਾਰ ਹੀ ਰੈਗੂਲਰ ਕਰਨ ਹਿੱਤ ਵਿਚਾਰਿਆ ਜਾਵੇਗਾ।
4. ਅਸਾਮੀ ਲਈ ਬਿਨੈ ਕਰ ਰਹੇ ਉਮੀਦਵਾਰ ਇਹ ਯਕੀਨੀ ਬਣਾਉਣਗੇ ਕਿ ਉਹ ਸਾਰੀਆਂ ਨਿਰਧਾਰਤ ਯੋਗਤਾਵਾਂ ਅਤੇ ਸ਼ਰਤਾਂ ਬਿਨੈ ਕਰਨ ਦੀ ਅੰਤਿਮ ਮਿਤੀ ਤੱਕ ਪੂਰੀਆਂ ਕਰਦੇ ਹੋਣ। ਜੇਕਰ ਨਿਯੁਕਤੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਕਿਸੇ ਵੀ ਸਮੇਂ ਜਾਂਚ ਕਰਨ ਤੇ ਪਾਇਆ ਜਾਂਦਾ ਹੈ ਕਿ ਉਹ ਕੋਈ ਇੱਕ ਵੀ ਯੋਗਤਾ/ ਸ਼ਰਤ ਪੂਰੀ ਨਹੀਂ ਕਰਦੇ ਜਾਂ ਪੇਸ਼ ਕੀਤੀ ਜਾਣਕਾਰੀ ਝੂਠੀ ਜਾਂ ਗਲਤ ਹੈ ਤਾਂ ਉਨ੍ਹਾਂ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ ਅਤੇ ਅਪਰਾਧਿਕ ਨਿਯਮਾਂ ਅਧੀਨ ਵੱਖਰੇ ਤੌਰ ਤੇ ਕਾਰਵਾਈ ਕੀਤੀ ਜਾਵੇਗੀ।
5. ਰਾਖਵੇਂਕਰਣ ਦੀ ਨੀਤੀ ਸਰਕਾਰੀ ਹਦਾਇਤਾਂ ਅਨੁਸਾਰ ਲਾਗੂ ਹੋਵੇਗੀ।
6. ਜਿਹੜੇ ਉਮੀਦਵਾਰ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਰਾਖਵਾਂਕਰਨ ਦਾ ਲਾਭ ਲੈਣਾ ਚਾਹੁੰਦੇ ਹਨ। ਉਹ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਜਾਤੀ ਸਰਟੀਫਿਕੇਟ ਪੇਸ਼ ਕਰਨਗੇ। ਇਸ ਸਰਟੀਫਿਕੇਟ ਵਿੱਚ ਜਾਤੀ ਸਪੱਸ਼ਟ ਤੌਰ ਤੇ ਲਿਖੀ ਹੋਵੇ। ਅਨੁਸੂਚਿਤ ਜਾਤੀ ਦਾ ਰਾਖਵਾਂਪਣ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ (ਨੌਕਰੀਆਂ ਵਿੱਚ ਰਾਖਵਾਂਕਰਨ) ਐਕਟ 2006 ਅਨੁਸਾਰ ਹੋਵੇਗਾ।
7. ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਵਿਗਿਆਪਨ ਅਨੁਸਾਰ ਦਰਸਾਈ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਇੱਕ ਸਾਲ ਦੇ ਅੰਦਰ ਦਾ ਹੋਣਾ ਲਾਜ਼ਮੀ ਹੈ ਅਤੇ ਇਹ ਸਰਟੀਫਿਕੇਟ ਪੰਜਾਬ ਸਰਕਾਰ ਭਲਾਈ ਵਿਭਾਗ ਵੱਲੋਂ ਜਾਰੀ ਪੱਤਰ ਮਿਤੀ:17-01-1994 ਅਤੇ ਪੱਤਰ ਮਿਤੀ:17-08-2005 ਅਨੁਸਾਰ ਹੀ ਹੋਣਾ ਚਾਹੀਦਾ ਹੈ।
8. ਸਾਬਕਾ ਸੈਨਿਕ ਕੋਟੇ ਲਈ ਰਾਖਵਾਂਕਰਨ ਕੇਵਲ ਪੰਜਾਬ ਦੇ ਵਸਨੀਕਾਂ ਤੇ ਹੀ ਲਾਗੂ ਹੈ ਜੇਕਰ ਸਾਬਕਾ ਸੈਨਿਕ ਖੁਦ ਉਮੀਦਵਾਰ ਨਾ ਹੋਵੇ ਤਾਂ ਹੀ ਇਹ ਰਾਖਵਾਂਕਰਨ ਆਸ਼ਰਿਤਾਂ ਲਈ ਲਾਗੂ ਹੋਵੇਗਾ। ਅਜਿਹੇ ਸਾਬਕਾ ਸੈਨਿਕ / ਆਸ਼ਰਿਤ ਕਾਉਂਸਲਿੰਗ ਸਮੇਂ ਸਰਕਾਰ ਦੁਆਰਾ ਨਿਯੁਕਤ ਸਮੱਰਥ ਅਧਿਕਾਰੀਆਂ ਵੱਲੋਂ ਜਾਰੀ ਕੀਤਾ ਵਿਗਿਆਪਨ ਵਿੱਚ ਦਿੱਤੀ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦਾ ਬਣਿਆ ਅਸਲ ਸਰਟੀਫਿਕੇਟ ਕਾਉਂਸਲਿੰਗ ਸਮੇਂ ਪੇਸ਼ ਕਰਨਗੇ।
9. ਸੁਤੰਤਰਤਾ ਸੈਨਾਨੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰ ਸਰਕਾਰ ਵੱਲੋਂ ਜਾਰੀ ਪੱਤਰ ਨੰ:16/57-97-8ਪੀ-3/ਸਪੈਸ਼ਲ 503 ਮਿਤੀ:27-11-2000 ਅਨੁਸਾਰ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਵਿਗਿਆਪਨ ਵਿੱਚ ਦਿੱਤੀ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦਾ ਬਣਿਆ ਅਸਲ ਸਰਟੀਫਿਕੇਟ ਕਾਉਂਸਲਿੰਗ ਸਮੇਂ ਪੇਸ਼ ਕਰਨਗੇ।

10. ਖਿਡਾਰੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰ ਨੂੰ ਕਾਊਂਸਲਿੰਗ ਸਮੇਂ ਇਹ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ ਜਿਸ ਤੇ ਇਹ ਦਿਖਾਇਆ ਹੋਵੇ ਕਿ ਉਹਨਾਂ ਨੇ ਸਟੇਟ ਪੱਧਰੀ ਫੈਡਰੇਸ਼ਨ ਦੁਆਰਾ ਆਯੋਜਿਤ ਕੀਤੀ ਪੰਜਾਬ ਉਲੰਪਿਕ ਐਸੋਸਿਏਸ਼ਨ ਨਾਲ ਐਫਿਲਿਏਟਿਡ ਡਿਸਿਪਲਿਨ ਵਿੱਚੋਂ ਕਿਸੇ ਇੱਕ ਡਿਸਿਪਲਿਨ ਵਿੱਚ ਸਟੇਟ ਪੱਧਰੀ ਚੈਂਪਿਅਨਸ਼ਿਪ ਵਿੱਚ ਵਿਅਕਤੀਗਤ ਈਵੇਂਟ ਜਾਂ ਟੀਮ ਵਿੱਚ ਪਹਿਲੀ ਦੂਸਰੀ ਜਾਂ ਤੀਸਰੀ ਪੋਜੀਸ਼ਨ ਜਿੱਤੀ ਹੈ। ਪ੍ਰਸਿੱਧ ਨਾਨ ਉਲੰਪਿਕ ਡੀਸਿਪਲਿਨ ਜਿਵੇਂ ਕ੍ਰਿਕਟ ਅਤੇ ਟੈਨਿਸ ਦੇ ਮਾਮਲੇ ਵਿੱਚ ਜੇਤੂ ਨੇ ਸਬੰਧਤ ਨੈਸ਼ਨਲ ਫੈਡਰੇਸ਼ਨ ਨਾਲ ਐਫਿਲਿਏਟਿਡ ਸਟੇਟ ਪੱਧਰੀ ਐਸੋਸਿਏਸ਼ਨ ਵਿੱਚ ਪਹਿਲੀਆਂ ਤਿੰਨ ਪੋਜੀਸ਼ਨਾਂ ਵਿੱਚੋਂ ਕੋਈ ਵੀ ਇੱਕ ਪੋਜੀਸ਼ਨ ਪ੍ਰਾਪਤ ਕੀਤੀ ਹੋਵੇ। ਖਿਡਾਰੀ ਕੋਟਾ ਸ਼੍ਰੇਣੀ ਅਧੀਨ ਬਿਨੈ ਕਰਨ ਵਾਲੇ ਉਮੀਦਵਾਰਾਂ ਦੇ ਮਾਮਲੇ ਵਿੱਚ ਨਿਰਦੇਸ਼ਕ ਖੇਡਾਂ ਪੰਜਾਬ ਦੁਆਰਾ ਬਕਾਇਦਾ ਗ੍ਰੇਡਿਡ ਖੇਡਾਂ ਦਾ ਸਰਟੀਫਿਕੇਟ ਨਿਯੁਕਤੀ ਪੱਤਰ ਜਾਰੀ ਕੀਤਾ ਹੋਵੇ। ਕੈਟਾਗਰੀ "ਸੀ" ਅਧੀਨ ਆਉਂਦੀਆਂ ਅਸਾਮੀਆਂ ਲਈ "ਏ" , "ਬੀ" ਅਤੇ 'ਸੀ"ਵਜੋਂ ਗਰੇਡਿਡ ਸਰਟੀਫਿਕੇਟ ਪ੍ਰਮਾਣਿਤ ਹਨ।

11. ਅਪਾਹਿਜ ਕੋਟੇ ਅਧੀਨ ਰਾਖਵਾਂਕਰਨ ਪੰਜਾਬ ਸਰਕਾਰ , ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰ:10/26/95-5ਐਸ.ਐਸ./1252 ਮਿਤੀ:02-05-1997 ਅਨੁਸਾਰ ਹੋਵੇਗੀ। ਚਾਹਵਾਨ ਉਮੀਦਵਾਰ ਵਿਗਿਆਪਨ ਵਿੱਚ ਦਰਸਾਈ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਦਾ ਬਣਿਆ ਸਮੱਰਥ ਅਧਿਕਾਰੀ ਦੁਆਰਾ ਜਾਰੀ ਅਪਾਹਿਜ ਹੋਣ ਦਾ ਸਰਟੀਫਿਕੇਟ ਬਿਨੈ ਕੀਤੀ ਅਸਾਮੀ ਦੇ ਸਬੰਧ ਵਿੱਚ ਉਪਰਲੀ ਜਾਂ ਹੇਠਲੀ ਹੱਦ ਦੇ 40% ਸਥਾਈ / ਅੰਸ਼ਿਕ ਅੰਗਹੀਨਤਾ ਪਰ ਸਿਵਲ ਰੁਜਗਾਰ / ਨਿਰਧਾਰਤ ਅਸਾਮੀ ਲਈ ਫਿੱਟ ਹੋਣ ਸਬੰਧੀ ਮੈਡੀਕਲ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ। ਇਹ ਸਰਟੀਫਿਕੇਟ ਜਰੂਰੀ ਤੌਰ ਤੇ ਹੇਠ ਲਿਖੇ ਅਧਿਕਾਰੀਆਂ ਨੇ ਜਾਰੀ ਕੀਤਾ ਹੋਵੇ:-

ਏ) ਕਿਸੇ ਵੀ ਸਰਕਾਰੀ ਡਾਕਟਰੀ ਸੰਸਥਾਨ / ਹਸਪਤਾਲ ਦਾ ਕਲਾਸ -1 ਮੈਡੀਕਲ ਅਫਸਰ ਵਜੋਂ।

ਬੀ) ਜਿਲ੍ਹੇ ਜਾਂ ਸਥਾਨ ਜਿੱਥੋਂ ਦਾ ਬਿਨੈਕਾਰ ਸਥਾਈ ਵਾਸੀ ਹੈ, ਦੇ ਪੀ.ਐਮ.ਓ. , ਸੀ.ਐਮ.ਓ./ ਸਿਵਲ ਸਰਜਨ ਦੁਆਰਾ ਜਾਰੀ।

12. ਜੋ ਉਮੀਦਵਾਰ ਪਹਿਲਾਂ ਤੋਂ ਹੀ ਸੇਵਾ ਵਿੱਚ ਹੋਣ, ਉਹ ਆਪਣੇ ਬਿਨੈ ਪੱਤਰ ਯੋਗ ਪ੍ਰਣਾਲੀ ਰਾਹੀਂ ਭੇਜਣ।

13. ਮਿਤੀ:01-08-2013 ਨੂੰ ਉਮਰ 18 ਤੋ 37 ਸਾਲ ਦਰਮਿਆਨ ਹੋਣੀ ਚਾਹੀਦੀ ਹੈ।

ਏ) ਉਮਰ ਵਿੱਚ ਛੋਟ ਐਸ.ਸੀ./ ਐਸ.ਟੀ.ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਅਧੀਨ 5 ਸਾਲ ਤੱਕ ਨਿਯਮਾਂ ਅਧੀਨ ਦੇਣੀ ਮੰਨਣਯੋਗ ਹੈ।

ਬੀ) ਵਿਧਵਾਵਾਂ/ ਕਾਨੂੰਨੀ ਤੌਰ ਤੇ ਵੱਖ ਹੋਈਆਂ/ ਤਲਾਕਸ਼ੁਦਾ ਮਹਿਲਾਵਾਂ ਲਈ ਵੱਧ ਤੋਂ ਵੱਧ ਉਮਰ ਸਮੇਤ ਛੋਟ 40 ਸਾਲ ਤੱਕ।

ਸੀ) ਸਮੱਰਥ ਅਧਿਕਾਰੀ ਤੋਂ ਮੈਡੀਕਲ ਸਰਟੀਫਿਕੇਟ ਪੇਸ਼ ਕਰਨ ਤੇ ਜਿਸਮਾਨੀ ਅਪਾਹਿਜਾਂ ਲਈ 10 ਸਾਲ ਦੀ ਹੱਦ ਤੱਕ।

ਡੀ) ਸਮੇਂ-ਸਮੇਂ ਤੇ ਸੋਧੇ ਅਨੁਸਾਰ ਪੰਜਾਬ ਰਿਕਰੂਟਮੈਂਟ ਆਫ ਐਕਸ ਸਰਵਿਸਮੈਨ ਰੂਲਜ਼ 1982 ਅਨੁਸਾਰ ਸਾਬਕਾ ਸੈਨਿਕਾਂ (ਖੁਦ ਲਈ)।

14. ਪ੍ਰਿੰਸੀਪਲ ਦੀ ਉਮਰ ਮਿਤੀ:01-08-2013 ਨੂੰ 35 ਤੋਂ 45 ਸਾਲ ਦੇ ਦਰਮਿਆਨ ਹੋਣੀ ਚਾਹੀਦੀ ਹੈ।

15. ਰਾਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਾਸੀਆਂ ਲਈ ਹੀ ਲਾਗੂ ਹੈ।

16. ਟੀਚਿੰਗ ਪੋਸਟਾਂ ਲਈ ਤਜਰਬਾ ਸਰਕਾਰੀ, ਗੈਰਸਰਕਾਰੀ ਸਹਾਇਤਾ ਪ੍ਰਾਪਤ, ਮਾਨਤਾ ਪ੍ਰਾਪਤ ਅਤੇ ਐਫੀਲੀਏਟਿਡ ਸਕੂਲਾਂ ਦਾ ਹੀ ਮੰਨਿਆ ਜਾਵੇਗਾ। ਤਜਰਬਾ ਸਰਟੀਫਿਕੇਟ ਸਬੰਧਤ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਪਾਸੋਂ ਪ੍ਰਤੀ ਹਸਤਾਖਰ ਹੋਣਾ ਲਾਜ਼ਮੀ ਹੈ।

17. ਉਮੀਦਵਾਰ ਹਰ ਵੱਖਰੀ ਅਸਾਮੀ ਲਈ ਵੱਖਰਾ-ਵੱਖਰਾ ਬਿਨੈ ਪੱਤਰ ਦੇਵੇਗਾ ਅਤੇ ਹਰੇਕ ਪ੍ਰਤੀ ਬੇਨਤੀ ਨਾਲ ਫੀਸ ਵਜੋਂ ਵੱਖਰਾ ਡਰਾਫਟ ਲਗਾਏਗਾ। ਕਿਸੇ ਵੀ ਹਾਲਤ ਵਿੱਚ ਇੱਕ ਤੋਂ ਵੱਧ ਬਿਨੈ ਪੱਤਰਾਂ ਲਈ ਇੱਕੋ ਬਿਨੈ ਪੱਤਰ ਲਈ ਦਿੱਤੀ ਗਈ ਰਾਸ਼ੀ ਮੰਨਣਯੋਗ ਨਹੀਂ ਹੈ। ਉਮੀਦਵਾਰ ਅਰਜੀ ਦੇਣ ਸਮੇਂ ਹੀ ਫੀਸ ਦੀ ਰਸੀਦ ਤੇ ਦਰਜ ਕਰ ਲੈਣ ਕਿ ਕਿਸ ਵਿਸ਼ੇ / ਕੈਟਾਗਰੀ ਲਈ ਇਹ ਫੀਸ ਦਾ ਵੇਰਵਾ ਦਰਜ ਕਰਵਾਇਆ ਹੈ, ਤਾਂ ਜੋ ਬਾਅਦ ਵਿੱਚ ਕਿਸੇ ਝਗੜੇ ਸਮੇਂ ਨਿਪਟਾਰਾ ਕਰਨ ਵਿੱਚ ਮੁਸ਼ਕਲ ਨਾ ਆਵੇ।

18. ਜਿਸ ਲਿਫਾਫੇ ਵਿੱਚ ਬਿਨੈ ਪੱਤਰ ਭੇਜਿਆ ਜਾਵੇ, ਉਸ ਉੱਤੇ "……….. **ਦੀ ਅਸਾਮੀ ਲਈ ਬਿਨੈ ਪੱਤਰ**" ਜਰੂਰ ਲਿਖਿਆ ਹੋਵੇ।

19. ਇਹ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਰਾਜ ਦੇ ਹੇਠ ਲਿਖੇ ਪੇਂਡੂ ਖੇਤਰਾਂ ਵਿੱਚ ਸਥਿਤ ਹਨ। ਚੁਣੇ ਗਏ ਉਮੀਦਵਾਰਾਂ ਨੂੰ ਇਨ੍ਹਾਂ ਵਿੱਚੋਂ ਕਿਸੇ ਵੀ ਸਕੂਲ ਵਿੱਚ ਤਾਇਨਾਤ ਕੀਤਾ ਜਾ ਸਕਦਾ ਹੈ:-

1. ਆਦਰਸ਼ ਸੀਨੀ:ਸੈਕੰ: ਸਕੂਲ ਭਾਗੂ (ਸ੍ਰੀ ਮੁਕਤਸਰ ਸਾਹਿਬ)
2. ਆਦਰਸ਼ ਸੀਨੀ:ਸੈਕੰ: ਸਕੂਲ ਕੋਟਭਾਈ (ਸ੍ਰੀ ਮੁਕਤਸਰ ਸਾਹਿਬ)
3. ਆਦਰਸ਼ ਸੀਨੀ:ਸੈਕੰ: ਸਕੂਲ ਸੀਰਵਾਲੀ-ਭੰਗੇਵਾਲਾ (ਸ੍ਰੀ ਮੁਕਤਸਰ ਸਾਹਿਬ)
4. ਆਦਰਸ਼ ਸੀਨੀ:ਸੈਕੰ: ਸਕੂਲ ਸ਼ਹਿਜਾਦਾ ਸੰਤ ਸਿੰਘ (ਫਿਰੋਜਪੁਰ)
5. ਆਦਰਸ਼ ਸੀਨੀ:ਸੈਕੰ: ਸਕੂਲ ਨੰਦਗੜ੍ਹ (ਬਠਿੰਡਾ)
6. ਆਦਰਸ਼ ਸੀਨੀ:ਸੈਕੰ: ਸਕੂਲ ਧਰਦਿਓ ਬੁੱਟਰ (ਅੰਮ੍ਰਿਤਸਰ)
7. ਆਦਰਸ਼ ਸੀਨੀ:ਸੈਕੰ: ਸਕੂਲ ਜਵਾਹਰ ਸਿੰਘ ਵਾਲਾ (ਮੋਗਾ)
8. ਆਦਰਸ਼ ਸੀਨੀ:ਸੈਕੰ: ਸਕੂਲ ਖੰਭਾ (ਮੋਗਾ)
9. ਆਦਰਸ਼ ਸੀਨੀ:ਸੈਕੰ: ਸਕੂਲ ਖਟਕੜ੍ਹ ਕਲਾਂ (ਸ.ਭ.ਸ.ਨਗਰ)
10. ਆਦਰਸ਼ ਸੀਨੀ:ਸੈਕੰ: ਸਕੂਲ ਰਾਣੀਵਾਲਾ (ਸ੍ਰੀ ਮੁਕਤਸਰ ਸਾਹਿਬ)
11. ਆਦਰਸ਼ ਸੀਨੀ:ਸੈਕੰ: ਸਕੂਲ ਈਨਾ ਖੇੜਾ (ਸ੍ਰੀ ਮੁਕਤਸਰ ਸਾਹਿਬ)

30/07/13

ਉਪ ਸਕੱਤਰ (ਅਮਲਾ)

## ਪ੍ਰੋਫਾਰਮੇ ਦੇ ਸਾਰੇ ਕਾਲਮ ਉਮੀਦਵਾਰ ਵੱਲੋਂ ਭਰੇ ਜਾਣ

ਤਸਦੀਕਸ਼ੁਦਾ ਫੋਟੋ ਲਈ ਥਾਂ

1. ਅਸਾਮੀ ਦਾ ਨਾਂ ....................................................................
2. ਸ੍ਰੇਣੀ ਜਿਸ ਨਾਲ ਤੁਸੀ ਸਬੰਧਤ ਹੋ ................................................
3. ਉਮੀਦਵਾਰ ਦਾ ਨਾਂ ......................................................
4. ਪਿਤਾ ਦਾ ਨਾਂ ......................................................
5. ਜਨਮ ਮਿਤੀ ......................................................
6. ਰਿਹਾਇਸੀ ਪਤਾ ..........................................................................................

..........................................................................................

ਫੋਨ ਨੰ:......................... ਮੁਬਾਇਲ ਨੰ: .........................ਈ-ਮੇਲ:-..........................................

7. ਬੋਰਡ ਰਸੀਦ ਨੰ: ....................... ਮਿਤੀ: ......................... ਰਕਮ: ..................................

8. ਡਰਾਫਟ ਨੰ:......................ਮਿਤੀ: ................ਰਕਮ: .............. ਬੈਂਕ ਦਾ ਨਾਂ:...............................

8. ਕੌਮੀਅਤ: ..................................................

9. ਕੀ ਤੁਸੀਂ ਉਮਰ ਦੀ ਉਪਰਲੀ ਹੱਦ ਵਿੱਚ ਛੋਟ ਲਈ ਕਲੇਮ ........................................................
ਕੀਤਾ ਹੈ? ਜੇਕਰ ਹਾਂ, ਤਾਂ ਆਧਾਰ ਸਪੱਸਟ ਕੀਤਾ ਜਾਵੇ। ........................................................

10. ਵਿੱਦਿਅਕ ਯੋਗਤਾ :-

| ਪਾਸ ਕੀਤੀ ਪ੍ਰੀਖਿਆ | ਬੋਰਡ/ਯੂਨੀਵਰਸਿਟੀ ਦਾ ਨਾਂ | ਕੁੱਲ ਅੰਕ | ਪ੍ਰਾਪਤ ਅੰਕ/ ਪ੍ਰਤੀਸ਼ਤਤਾ | ਵਿਸ਼ੇਸ਼ੀਕ੍ਰਿਤ ਯੋਗਤਾ, ਜੇਕਰ ਕੋਈ ਹੈ |
|---|---|---|---|---|
| ਮੈਂਟ੍ਰਿਕ | | | | |
| +2/ਸੀਨੀ.:ਸੈਕੰ: | | | | |
| ਗਰੈਜੂਏਸਨ | | | | |
| ਬੀ.ਐਡ./ ਬੀ.ਟੀ. | | | | |
| ਪੋਸਟ ਗਰੈਜੂਏਸਨ | | | | |
| ਐਮ.ਐਡ. | | | | |
| ਟੀਈਟੀ ਪਾਰਟ-1/2 | | | | |
| | | | | |
| | | | | |

11. ਤਜਰਬਾ

| ਸੰਸਥਾ ਦਾ ਨਾ | ਅਹੁੱਦਾ/ਸਕੇਲ | ਨੌਂਕਰੀ ਵਿੱਚ ਆਉਣ ਦੀ ਮਿਤੀ ........ਤੋਂ.........ਤੱਕ | ਡਿਊਟੀ ਦੀ ਕਿਸਮ | ਕੁੱਲ ਤਜਰਬਾ |
|---|---|---|---|---|
| | | | | |
| | | | | |

12. ਹੋਰ ਗਤੀਵਿਧੀਆਂ ..........................................................................................

13. ਕੀ ਤੁਹਾਨੂੰ ਕਦੇ ਅਦਾਲਤ ਵੱਲੋਂ ਸਜਾ ਹੋਈ ਹੈ ਜਾਂ
ਤੁਹਾਡੇ ਵਿਰੁੱਧ ਕੋਈ ਕੇਸ ਜਾਂ ਵਿਭਾਗੀ ਕਾਰਵਾਈ ਚੱਲ ਰਹੀ ਹੈ? ..................... ...........

ਤਸਦੀਕ:- ਮੈਂ ਤਸਦੀਕ ਕਰਦਾ /ਕਰਦੀ ਹਾਂ ਕਿ ਉਪਰੋਕਤ ਦਿੱਤੀ ਗਈ ਸੂਚਨਾਂ ਬਿਲਕੁੱਲ ਸਹੀ ਹੈ ਅਤੇ ਕਿਸੇ ਵੀ ਸਮੇਂ ਤੇ ਇਹ ਸੂਚਨਾ ਠੀਕ ਨਾ ਪਾਏ ਜਾਣ ਦੀ ਸੂਰਤ ਵਿੱਚ ਮੇਰੀ ਨੌਕਰੀ / ਸਰਵਿਸ ਦੀ ਪਾਤਰਤਾ ਤੇ ਲਾਭ ਰੱਦ ਕਰਨ ਲਈ ਬੋਰਡ ਕੋਲ ਅਧਿਕਾਰ ਹੋਵੇਗਾ ਤੇ ਮੈਂ ਕਾਨੂੰਨ ਅਨੁਸਾਰ ਦੰਡ ਦਾ ਭਾਗੀ ਹੋਵਾਂਗਾ/ਹੋਵਾਂਗੀ।

ਮਿਤੀ :
ਸਥਾਨ:

....................................
ਉਮੀਦਵਾਰ ਦੇ ਹਸਤਾਖਰ